بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 14.09.2018

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

ਰੱਬ ਦੀਆਂ ਇਹ ਮਿਹਰਾਂ ਜਮਾਤ ਅਹਮਦੀਆ ਦੇ ਲੋਕਾਂ ਵਿੱਚ ਇਹ ਅਹਿਸਾਸ ਪੈਦਾ ਕਰਨ ਵਾਲੀਆਂ ਹੋਣੀਆਂ ਚਾਹੀਦੀਆਂ ਹਨ ਕਿ ਅਸੀਂ ਅਲੱਾਹ ਦੇ ਆਦੇਸ਼ਾਂ ਨੂੰ ਸਮਝਣ, ਮੰਨ੍ਹਣ ਅਤੇ ਅਮਲ ਕਰਨ ਵਿੱਚ ਪਹਿਲਾਂ ਦੀ ਤੁਲਨਾ ਵਿੱਚ ਬਿਹਤਰ ਹੋਈਏ ਅਤੇ ਸਾਡਾ ਹਰ ਦਿਨ ਅਤੇ ਹਰ ਕਦਮ ਬੀਤੇ ਦਿਨਾਂ ਅਤੇ ਪਿਛਲੇ ਕਦਮਾ ਤੋਂ ਨੇਕੀ ਤੇ ਸੰਜਮਤਾ (ਤਕਵਾ) ਵਿੱਚ ਅਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਪ੍ਰਕਟ ਹੋਣ ਦੇ ਉਦੇਸ਼ ਨੂੰ ਪੂਰਾ ਕਰਨ ਵਿੱਚ ਉਨੱਤੀ ਕਰਦਾ ਹੋਇਆ ਅੱਗੇ ਵਧੱਦਾ ਹੋਇਆ ਦਿਖਾਈ ਦੇਵੇ

ਆਪਣੀਆਂ ਬੁਰਾਈਆਂ ਨੂੰ ਪਿੱਛੇ ਛੱਡ ਚੁਕੇ ਹੋਈਏ ਅਤੇ ਨੇਕੀਆਂ ਵਿੱਚ ਨਵੀਆਂ ਮੰਜ਼ਲਾਂ ਨੂੰ ਪਾਰ ਕਰ ਰਹੇ ਹੋਈਏ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 14 ਸਤੰਬਰ 2018 ਈ. ਨੂੰ ਜਲਸਾਗਾਹ ਬ੍ਰਿਸਲਜ਼ ਬੈਲਜੀਯਮ ਵਿੱਚ ਦਿੱਤਾ**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਅਲੱਾਹ ਤਆਲਾ ਦੀ ਮਿਹਰ ਨਾਲ ਅੱਜ ਤੋਂ ਜਮਾਤ ਅਹਮਦੀਆ ਬੈਲਜੀਯਮ ਦਾ ਸਾਲਾਨਾ ਜਲਸਾ ਸ਼ੁਰੂ ਹੋ ਰਿਹਾ ਹੈ । ਲੰਮੇ ਸਮੇਂ ਪਿੱਛੋਂ ਮੈਂ ਆਪਦੇ ਜਲਸੇ ਵਿੱਚ ਸ਼ਾਮਲ ਹੋ ਰਿਹਾ ਹਾਂ । ਇਸ ਕਾਲ ਵਿੱਚ ਜਮਾਤ ਵਿੱਚ ਵਾਧਾ ਵੀ ਹੋਇਆ ਹੈ । ਇਸ ਤੋਂ ਬਿਨਾ ਹੋਰ ਅਨੇਕਾਂ ਹੀ ਪੱਖਾਂ ਵਿੱਚ ਇੱਥੇ ਤਰੱਕੀ ਹੋਈ ਹੈ, ਉਧਾਰਣ ਲਈ ਮਿਸ਼ਨ ਹਾਊਸਜ਼ ਵਿੱਚ ਵਾਧਾ ਹੋਇਆ ਹੈ, ਮਸਜਿਦਾਂ ਤੇ ਨਮਾਜ਼ ਸੈਂਟ੍ਰਜ਼ ਵਿੱਚ ਵੀ ਵਾਧਾ ਹੋਇਆ ਹੈ । ਬ੍ਰਿਸਲਜ਼ ਦੀ ਮਸਜਿਦ ਜੋ ਉਸਾਰੀ ਹੇਠ ਹੈ ਲਗਭਗ ਪੂਰਨ ਹੋਣ ਦੇ ਕੰਢੇ ਹੈ, ਉਹ ਵੀ ਚੰਗੀ ਮਸਜਿਦ ਬਣ ਰਹੀ ਹੈ । ਪਰਸੋਂ ਹਾਲਕਨ ਵਿੱਚ ਇਕ ਮਸਜਿਦਾ ਦਾ ਉਦਘਾਟਣ ਕੀਤਾ, ਬਹੁਤਤ ਵੱਡੀ ਥਾਂ ਅਤੇ ਇਮਾਰਤ ਰੱਬ ਨੇ ਜਮਾਤ ਅਹਮਦੀਆ ਨੂੰ ਪ੍ਰਦਾਨ ਕੀਤੀ ਹੈ । ਪ੍ਰਕਟ ਰੂਪ ਵਿੱਚ ਤਾਂ ਅਸੀਂ ਦੇਖਦੇ ਹਾਂ ਕਿ ਜਮਾਤ ਉਪੱਰ ਇੱਥੇ ਬਹੁਤ ਮਿਹਰਾਂ

ਹੋਈਆਂ ਹਨ ਪਰ ਰੱਬ ਦੀਆਂ ਇਹ ਮਿਹਰਾਂ, ਇਹ ਅਹਿਸਾਸ ਵੀ ਜਮਾਤ ਦੇ ਲੋਕਾਂ ਵਿੱਚ ਪੈਦਾ ਕਰਨ ਵਾਲੇ ਹੋਣੇ ਚਾਹੀਦੇ ਹਨ ਕਿ ਅਸੀਂ ਰੱਬ ਦੇ ਆਦੇਸ਼ਾਂ ਨੂੰ ਭਲੀਭਾਂਤ ਸਮਝਣ, ਮੰਨ੍ਹਣ ਤੇ ਅਮਲ ਕਰਨ ਵਿੱਚ ਨ ਕੇਵਲ ਪ੍ਰਕਟ ਰੂਪ ਵਿੱਚ ਸਗੋਂ ਵਾਸਤਵਿਕ ਰੂਪ ਵਿੱਚ ਪਹਿਲਾਂ ਦੀ ਤੁਲਨਾ ਵਿੱਚ ਚੰਗੇ ਹੋਈਏ ਅਤੇ ਸਾਡਾ ਹਰ ਦਿਨ, ਹਰ ਕਦਮ ਬੀਤੇ ਦਿਨਾਂ ਦੀ ਅਪੇਖਿਆ ਪਹਿਲਾਂ ਕਦਮਾਂ ਤੋਂ ਨੇਕੀ ਸੰਜਮਤਾ (ਤਕਵਾ) ਵਿੱਚ ਅਤੇ ਹਜਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਪ੍ਰਕਟ ਹੋਣ ਦੇ ਉਦੇਸ਼ ਨੂੰ ਪੂਰਾ ਕਰਨ ਵਿੱਚ ਤਰੱਕੀ ਕਰਦਾ ਹੋਇਆ ਅਤੇ ਅੱਗੇ ਵਧੱਦਾ ਹੋਇਆ ਦਿਖਾਈ ਦੇਵੇ। ਆਪਣੀਆਂ ਬੁਰਾਈਆਂ ਨੂੰ ਅਸੀਂ ਪਿੱਛੇ ਛੱਡ ਚੁਕੇ ਹੋਈਏ ਅਤੇ ਨੇਕੀਆਂ ਵਿੱਚ ਨਵੀਆਂ ਮੰਜ਼ਲਾਂ ਨੂੰ ਪਾਰ ਕਰ ਰਹੇ ਹੋਈਏ। ਜੇਕਰ ਇਹ ਗਲੱ ਜਮਾਤ ਦੇ ਲੋਕਾਂ ਵਿੱਚ ਦਿਖਾਈ ਦਿੰਦੀ ਹੈ ਤਾਂ ਅਸੀਂ ਕਹਿ ਸਕਦੇ ਹਾਂ ਕਿ ਅਸੀਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਪ੍ਰਕਟ ਹੋਣ ਦੇ ਉਦੇਸ਼ ਨੂੰ ਹਾਸਲ ਕਰ ਲਿਆ ਹੈ ਜਾਂ ਹਾਸਲ ਕਰਨ ਦੇ ਜਤਨ ਕਰ ਰਹੇ ਹਨ ਅਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਬੈਅਤ ਦਾ ਹੱਕ ਪੂਰਾ ਕਰਨ ਦਾ ਜਤਨ ਕਰ ਰਹੇ ਹਨ।

ਇਹ ਗੱਲ ਚੇਤੇ ਰੱਖੋ ਕਿ ਆਪ ਏਥੇ ਧਰਮ ਦੇ ਨਾਂ'ਤੇ ਆਏ, ਰੱਬ ਦੇ ਨਾਂ'ਤੇ ਆਏ ਅਤੇ ਫਿਰ ਰੱਬ ਦੇ ਆਦੇਸ਼ਾਂ ਉਪੱਰ ਅਮਲ ਨ ਕੀਤਾ ਤਾਂ ਇਹ ਗਲੱਾਂ ਰੱਬ ਦੀ ਨਰਾਜ਼ਗੀ ਦਾ ਸਬਬ ਬਣ ਸਕਦੀਆਂ ਹਨ। ਇਕ ਹੱਦ ਤੱਕ ਦੁਨੀਆ ਵੱਲ ਧਿਆਨ ਦੇਣਾ ਅਤੇ ਦੁਨੀਆ ਕਮਾਉਂਣੀ ਗੁਨਾਹ ਨਹੀਂ ਪਰ ਦੁਨੀਆ'ਤੇ ਦੁਨੀਆਦਾਰਾਂ ਵਾਂਗ ਡਿਗਣਾ, ਇਸ ਗੱਲ ਤੋਂ ਰੱਬ ਨੇ ਮੋੜਿਆ ਹੈ। ਇਸ ਬਾਰੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਰੱਬ ਨੇ ਦੁਨੀਆ ਦੇ ਸ਼ੁਗ਼ਲਾਂ ਨੂੰ ਜਾਇਜ਼ ਰੱਖਿਆ ਹੈ ਕਿਉਂਕਿ ਜੇਕਰ ਇਹ ਨਹੀਂ ਹੋਣਗੇ ਇਸ ਮਾਰਗ ਰਾਹੀਂ ਵੀ ਮੁਸੀਬਤ ਆ ਜਾਂਦੀ ਹੈ ਅਤੇ ਇਸੇ ਔਕੁੜਾਂ ਕਰਕੇ ਮਨੁੱਖ ਚੋਰ, ਜੁਆਰੀ, ਠੱਗ ਤੇ ਡਕੈਤ ਬਣ ਜਾਂਦਾ ਹੈ ਅਤੇ ਕੀ ਕੀ ਬੁਰੀਆਂ ਆਦਤਾਂ ਧਾਰਣ ਕਰ ਲੈਂਦਾ ਹੈ। ਪਰ ਹਰ ਇਕ ਚੀਜ ਦੀ ਇਕ ਹੱਦ ਹੁੰਦੀ ਹੈ ਸੰਸਾਰਕ ਸ਼ੁਗਲਾਂ ਨੂੰ ਇਸ ਹੱਦ ਤੱਕ ਧਾਰਣ ਕਰੋ ਕਿ ਉਹ ਧਰਮ ਦੇ ਮਾਰਗ ਵਿੱਚ ਤੁਹਾਡੇ ਲਈ ਸਹਾਇਤਾ ਦਾ ਸਾਧਨ ਬਣ ਸਕਣ ਅਤੇ ਮੂਲ ਮੰਤਵ ਇਸ ਵਿੱਚ ਧਰਮ ਹੀ ਹੋਵੇ। ਸੋ, ਅਸੀਂ ਦੁਨੀਆ ਦੇ ਸ਼ੁਗਲਾਂ ਤੋਂ ਵੀ ਨਹੀਂ ਮੋੜਦੇ।

ਹਜ਼ੂਰ ਅਨਵਰ ਨੇ ਫ਼ਰਮਾਇਆ : ਦੁਨੀਆ ਵੀ ਕਮਾਉਂਣੀ ਹੈ ਤਾਂ ਇਸ ਲਈ ਕਿ ਰੱਬ ਦੇ ਆਦੇਸ਼ ਅਨੁਸਾਰ ਪਤਨੀ ਬੱਚਿਆਂ ਦੇ ਹੱਕ ਪੂਰੇ ਕਰਨੇ ਹਨ ਰੱਬ ਦੀ ਮਖ਼ਲੂਕ ਦੇ ਹੱਕ ਪੂਰੇ ਕਰਨੇ ਹਨ। ਰੱਬ ਦੇ ਧਰਮ ਦੀ ਸੇਵਾ ਕਰਨੀ ਹੈ। ਇਹ ਉਦੇਸ਼ ਹੋਵੇਗਾ ਤਾਂ ਦੁਨੀਆ ਵੀ ਮਿਲੇਗੀ ਅਤੇ ਧਰਮ ਵੀ ਮਿਲੇਗਾ। ਹਜ਼ੂਰ ਅਨਵਰ ਨੇ ਫ਼ਰਮਾਇਆ : ਇਸ ਗੱਲ ਦਾ ਇਕ ਹੋਰ ਥਾਂ ਵਧੇਰੇ ਵਿਸਥਾਰ ਕਰਦਿਆਂ ਹੋਇਆਂ ਕਿ ਦੁਨੀਆ ਨੂੰ ਹਾਸਲ ਕਰਨ ਦਾ ਉਦੇਸ਼ ਧਰਮ ਹੋਣਾ ਚਾਹੀਦਾ ਹੈ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਇਸਲਾਮ ਨੇ ਦੁਨੀਆ ਤਿਆਗਣ (ਬ੍ਰਹਮਚਾਰਿਤਾ) ਨੂੰ ਮਨਾ ਕੀਤਾ ਹੈ, ਮੋਮਿਨ ਦੇ ਸੰਬੰਧ ਦੁਨੀਆ ਨਾਲ ਜਿੰਨ੍ਹੇ ਵਿਸ਼ਾਲ ਹੋਣ ਉਹ ਉਸ ਦੇ ਉਤੱਮ ਮਰਤਬਿਆਂ ਦਾ ਸਬਬ ਹੁੰਦੇ ਹਨ ਕਿਉਂਕਿ ਉਸ ਦਾ ਟੀਚਾ ਧਰਮ ਹੁੰਦਾ ਹੈ ਅਤੇ ਦੁਨੀਆ ਤੇ ਉਸ ਦਾ ਮਾਲ ਤੇ ਪੈਸਾ ਧਰਮ ਦਾ ਸੇਵਕ ਹੁੰਦਾ ਹੈ। ਫ਼ਰਮਾਇਆ ਇਸ ਦਾ ਭਾਵ ਇਹੋ ਹੈ ਕਿ ਧੰਨ ਇਕ ਅਜਿਹੀ ਸਵਾਰੀ ਹੈ ਜਿਸ'ਤੇ ਬਹਿਕੇ ਮਨੁੱਖ ਨੂੰ ਧਰਮ ਦੀਆਂ ਉੱਚੀਆਂ ਮੰਜ਼ਲਾਂ ਤੱਕ ਪਹੁੰਚਣਾ ਹੈ। ਰੱਬ ਨੇ ਜੋ ਇਹ ਸੀਖ ਦਿੱਤੀ ਹੈ ਕਿ ( رَبَّنَآ اٰتِنَا فِی الدُّنۡیَا حَسَنَۃً وَّ فِی الۡاٰخِرَۃِ حَسَنَۃً ) ਰਬੱਨਾ ਆਤਿਨਾ ਫ਼ਿਦੁੱਨੀਆ ਹਾਸਾਨਾਤੰਵ ਵਫ਼ਿਲ ਆਖ਼ਿਰਾਤਿ ਹਾਸਾਨਾਤਨ'' ਇਸ ਵਿੱਚ ਵੀ ਦੁਨੀਆ ਨੂੰ ਪਹਿਲਾਂ ਰੱਖਿਆ ਗਿਆ ਹੈ ਪਰ ਕਿਹੜੀ ਦੁਨੀਆ ਨੂੰ 'ਹਾਸਾਨਤ ਦੁਨੀਆ' ਨੂੰ ਪਹਿਲਾਂ ਰੱਖਿਆ ਗਿਆ ਹੈ ਜੋ ਆਖ਼ਰਤ (ਪਰਲੈ) ਵਿੱਚ 'ਹਸਨਾਤ' (ਸ਼ੁਭ ਕਰਮਾ) ਦਾ

ਸਬਬ ਹੋ ਜਾਵੇ । ਇਸ ਦੁਆ ਦੀ ਸੀਖ ਨਾਲ ਸਾਫ਼ ਸਾਫ਼ ਸਮਝ ਆ ਜਾਂਦਾ ਹੈ ਕਿ ਮੋਮਿਨ ਨੂੰ ਦੁਨੀਆ ਦੀ ਪ੍ਰਾਪਤੀ ਵਿੱਚ 'ਹਸਾਨਾਤਿਲ ਆਖ਼ਿਰਾਤ' (ਪਰਲੈ ਲਈ ਨੇਕੀਆਂ) ਦਾ ਖ਼ਿਆਲ ਰਖੱਣਾ ਚਾਹੀਦਾ ਹੈ ਅਤੇ ਨਾਲ ਹੀ 'ਹਾਸਾਨਤਦੁੱਨੀਆ' ਦੇ ਸ਼ਬਦ ਵਿੱਚ ਉਹਨਾਂ ਸਾਰਿਆਂ ਚੰਗੇ ਸਾਧਨਾ ਰਾਹੀਂ ਦੁਨੀਆ ਦੀ ਪ੍ਰਾਪਤੀ ਦਾ ਵਰਨਣ ਆਗਿਆ ਜੋ ਇਕ ਮੋਮਿਨ ਮੁਸਲਮਾਨ ਨੂੰ ਦੁਨੀਆ ਦੀ ਪ੍ਰਾਪਤੀ ਲਈ ਧਾਰਣ ਕਰਨੇ ਚਾਹੀਦੇ ਹਨ । ਦੁਨੀਆ ਨੂੰ ਹਰ ਅਜਿਹੇ ਢੰਗ ਨਾਲ ਹਾਸਲ ਕਰੋ ਜਿਸ ਦੇ ਧਾਰਨ ਕਰਨ ਨਾਲ ਭਲਾਈ ਅਤੇ ਖ਼ੂਬੀ ਹੀ ਨ ਹੋਵੇ ਉਹ ਤਰੀਕਾ ਜੋ ਕਿਸੇ ਦੂਜੇ ਮਨੁੱਖ ਨੂੰ ਕਸ਼ਟ ਦਾ ਸਬਬ ਨ ਹੋਵੇ ਸਮਾਨਤਾ ਵਿੱਚ ਕਿਸੇ ਅਪਮਾਨ ਤੇ ਸ਼ਰਮ ਦਾ ਸਬਬ ਨ ਹੋਵੇ ਅਜਿਹੀ ਦੁਨੀਆ ਬੇਸ਼ਕ ਹਾਸਾਨਾਤਲ ਆਖ਼ਿਰਾਹ (ਪਰਲੈ ਲਈ ਚੰਗੇ ਕਰਮ) ਦਾ ਸਬਬ ਹੋਵੇਗੀ । ਹਜ਼ੂਰ ਅਨਵਰ ਨੇ ਫ਼ਰਮਾਇਆ : ਸੋ, ਸਾਡੇ ਵਿੱਚੋਂ ਹਰ ਇਕ ਦਾ ਇਹ ਜਤਨ ਹੋਣਾ ਚਾਹੀਦਾ ਹੈ ਕਿ ਅਜਿਹੀ ਦੁਨੀਆ ਕਮਾਉਣ ਜੋ ਆਖ਼ਰਤ (ਪਰਲੈ) ਲਈ ਹਸਨਾਤ (ਨੇਕੀ) ਦਾ ਸਬਬ ਹੋਵੇ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਇਹ ਵਿਚਾਰ ਨਾ ਕਰੋ ਕਿ ਕੋਈ ਜਾਹਿਰੀ ਧੰਨ ਜਾਂ ਹੁਕੂਮਤ, ਮਾਲ, ਸਨਮਾਨ ਜਾਂ ਸੰਤਾਨ ਦੀ ਬਹੁਤੀ ਗਿਣਤੀ ਕਿਸੇ ਵਿਕਅਤੀ ਲਈ ਰਾਹਤ, ਸਕੂਨ ਤੇ ਸ਼ਾਂਤੀ ਦਾ ਸਬਬ ਹੋਵੇ ਹੋ ਜਾਂਦੀ ਹੈ ਅਤੇ ਉਹ ਪੂਰਨਤਾ ਸਵਰਗੀ ਹੁੰਦਾ ਹੈ, ਉਕੱਾ ਹੀ ਨਹੀਂ ਉਹ ਸ਼ਾਂਤੀ, ਤਸੱਲੀ ਅਤੇ ਸੁਕੂਨ ਜੋ ਸਵਰਗਾਂ ਦੇ ਪੁਰਸਕਾਰਾਂ ਵਿੱਚੋਂ ਹੈ, ਉਹ ਇਹਨਾਂ ਗਲੱਾਂ'ਚੋਂ ਨਹੀਂ ਮਿਲਦਾ, ਉਹ ਰੱਬ ਵਿੱਚ ਜੀਉਂਦੇ ਰਹਿਣ ਤੇ ਮਰਨ ਨਾਲ ਮਿਲ ਸਕਦਾ ਹੈ ਜਿਸਦੇ ਲਈ ਨਬੀ ਅਲੈਹਿ ਸਲਾਮ ਵਿਸ਼ੇਸ਼ ਕਰਕੇ ਇਬ੍ਰਾਹੀਮ ਅਤੇ ਯਾਕੂਬ ਅਲੈਹਿਮ ਸਲਾਮ ਦੀ ਇਹੋ ਨਸੀਹਤ ਸੀ ਕਿ (فَلَا تَمُوْتُنَّ اِلَّا وَاَنْتُمْ مُّسْلِمُوْنَ) 'ਫ਼ਲਾ ਨਮੂਤੁਨੱਾ ਇਲੱਾ ਵ ਅੰਤੁਮ ਮੁਸਲਿਮੂਨ' ਕਿ ਉਕੱਾ ਹੀ ਨ ਮਰਨਾ ਪਰੰਤੂ ਇਸ ਅਵਸਥਾ ਵਿੱਚ ਕਿ ਤੁਸੀ ਰੱਬ ਦੇ ਪੂਰੇ ਆਗਿਆਕਾਰ ਹੋਵੋ । ਇਸ ਦਾ ਅਰਥ ਇਹ ਹੈ ਕਿ ਤੁਹਾਨੂੰ ਹਰ ਸਮੇਂ ਰੱਬ ਦੀ ਆਗਿਆਕਾਰੀ ਵਿੱਚ ਰਹਿਣਾ ਚਾਹੀਦਾ ਹੈ । ਆਪ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਦੁਨੀਆ ਦੀ ਇਛੱਾ ਤਾਂ ਇਕ ਪ੍ਰਕਾਰ ਦੀ ਅਪਵਿੱਤਰ ਲਾਲਚ ਪੈਦਾ ਕਰਕੇ ਮੋਹ ਤੇ ਤ੍ਰੇਹ ਨੂੰ ਵਧਾ ਦਿੰਦੀਆਂ ਹਨ । ਸੋ, ਇਹ ਅਕਾਰਣ ਹਸਰਤਾਂ ਤੇ ਇਛੱਾਵਾਂ ਦੀ ਅੱਗ ਵੀ ਇਕ ਪ੍ਰਕਾਰ ਦੀ ਨਰਕ ਦੀ ਅੱਗ ਹੈ ਜੋ ਮਨੁੱਖ ਦੇ ਮਨ ਵਿੱਚ ਰਾਹਤ ਤੇ ਸ਼ਾਂਤੀ ਨਹੀਂ ਲੈਂਣ ਦਿੰਦੀਆਂ ਸਗੋਂ ਇਸ ਨੂੰ ਇਕ ਪ੍ਰਕਾਰ ਦੀ ਚਿੰਤਾ, ਪ੍ਰੇਸ਼ਾਨੀਆਂ ਤੇ ਉਧੇੜਬੁਨ ਵਿੱਚ ਡਬੋਈ ਰਖੱਦੀ ਹੈ । ਇਸ ਲਈ ਮੇਰੇ ਮਿਤੱਰਾਂ ਦੀ ਨਜ਼ਰ ਤੋਂ ਇਹ ਕੰਮ ਉਕੱਾ ਹੀ ਲੁਕਿਆ ਨ ਰਹੇ ਕਿ ਮਨੁੱਖ ਧੰਨ ਮਾਲ ਜਾਂ ਇਸਤਰੀ ਤੇ ਪੁਤੱਰ ਦੇ ਪ੍ਰੇਮ ਦੇ ਜੋਸ਼ ਤੇ ਨਸ਼ੇ ਵਿੱਚ ਅਜਿਹਾ ਦਿਵਾਨਾ ਤੇ ਆਪ ਮੁਹਾਰਾ ਨ ਹੋ ਜਾਏ ਕਿ ਇਸ ਵਿੱਚ ਅਤੇ ਰੱਬ ਵਿੱਚ ਇਕ ਪਰਦਾ ਪੈਦਾ ਹੋ ਜਾਵੇ । ਆਪ ਨੇ ਹੋਰ ਵਧੇਰੇ ਫ਼ਰਮਾਇਆ ਕਿ ਧਨ ਤੇ ਸੰਤਾਨ ਇਸੇ ਲਈ ਤਾਂ ਫ਼ਿਤਨਾ ਅਖਵਾਉਂਦਾ ਹੈ ਕਿ ਉਹ ਬੰਦੇ ਅਤੇ ਰੱਬ ਵਿੱਚ ਇਕ ਰੋਕ ਪੈਦਾ ਕਰ ਦਿੰਦੀ ਹੈ । ਮਾਲ ਅਤੇ ਸੰਤਾਨ ਰਾਹੀਂ ਵੀ ਮਨੁੱਖ ਲਈ ਇਕ ਨਰਕ ਤਿਆਰ ਹੁੰਦਾ ਹੈ ਅਤੇ ਜੱਦ ਉਹ ਉਹਨਾਂ ਤੋਂ ਅਡੱਰਾ ਕੀਤਾ ਜਾਂਦਾ ਹੈ ਅਤਿਅੰਤ ਬੇਚੈਨੀ ਤੇ ਘਬਰਾਹਟ ਪ੍ਰਕਟ ਕਰਦਾ ਹੈ ਆਪ ਫ਼ਰਮਾਉਂਦੇ ਹਨ ਦੋ ਚੀਜ਼ਾਂ ਦੇ ਆਪਸੀ ਸੰਬੰਧ ਤੇ ਰਗੜ ਨਾਲ ਹਰਾਰਤ ਪੈਦਾ ਹੁੰਦੀ ਹੈ । ਇਸੇ ਪ੍ਰਕਾਰ ਮਨੁੱਖ ਦੇ ਪ੍ਰੇਮ ਅਤੇ ਦੁਨੀਆ ਦੇ ਪ੍ਰੇਮ ਦੀ ਰਗੜ ਨਾਲ ਜੋ ਹਰਾਰਤ (ਗਰਮੀ) ਪੈਦਾ ਹੁੰਦੀ ਹੈ ਉਸ ਨਾਲ ਇਲਾਹੀ ਪ੍ਰੇਮ ਸੜ ਜਾਂਦਾ ਹੈ ਅਤੇ ਦਿਲ ਹਨ੍ਹੇਰੇ ਹੋਕੇ ਰੱਬ ਤੋਂ ਦੂਰ ਹੋ ਜਾਂਦਾ ਹੈ ਅਤੇ ਹਰ ਪ੍ਰਕਾਰ ਦੀ ਬੇਕਾਰੀ ਦਾ ਸ਼ਿਕਾਰ ਹੋ ਜਾਂਦਾ ਹੈ ਪਰ ਜੱਦ ਦੁਨੀਆਂ ਦੀਆਂ ਚੀਜਾਂ ਨਾਲ ਜੋ ਸੰਬੰਧ ਹੋਵੇ ਉਹ ਰੱਬ ਵਿੱਚੋਂ ਹੋਕੇ ਹੋਵੇ ਤਾਂ ਉਸ ਸਮੇਂ ਆਪਸੀ ਰਗੜ ਨਾਲ

ਗ਼ੈਰੁਲੱਾਹ (ਰੱਬ ਤੋਂ ਬਿਨਾ ਹੋਰਨਾ) ਦਾ ਪ੍ਰੇਮ ਸੜ ਜਾਂਦਾ ਹੈ ਅਤੇ ਉਸ ਦੀ ਥਾਂ ਇਕ ਰੌਸ਼ਨੀ ਤੇ ਨੂਰ ਭਰ ਜਾਂਦਾ ਹੈ । ਫਿਰ ਬੰਦਾ ਉਹੋ ਚਾਹੁੰਦਾ ਹੈ ਜੋ ਰੱਬ ਚਾਹੁੰਦਾ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਹਰ ਸ਼ਾਮਲ ਹੋਣ ਵਾਲੇ ਨੂੰ ਜਲਸੇ ਦੇ ਇਸ ਉਦੇਸ਼ ਨੂੰ ਹਮੇਸ਼ਾ ਆਪਣੇ ਸਾਹਮਣੇ ਰਖੱਣਾ ਚਾਹੀਦਾ ਹੈ ਕਿ ਅਸੀਂ ਰੱਬ ਦੇ ਨੇੜੇ ਤੋਂ ਨੇੜੇ ਹੋਈਏ । ਧਰਮ ਨੂੰ ਪ੍ਰਾਥਮਿਕਤਾ ਦੇਣ ਵਾਲੇ ਹੋਈਏ ਅਤੇ ਦੁਨੀਆਂ ਵਿੱਚ ਰਹਿੰਦਿਆਂ ਹੋਇਆਂ ਦੁਨੀਆ ਨੂੰ ਧਰਮ ਦਾ ਸੇਵਕ ਬਨਾਉਣ ਵਾਲੇ ਹੋਈਏ ਅਤੇ ਇਹ ਰੂਹ ਕੇਵਲ ਆਪਣੇ ਅੰਦਰ ਨਾ ਪੈਦਾ ਕਰਨ ਸਗੋਂ ਆਪਣੀ ਸੰਤਾਨ ਵਿੱਚ ਵੀ ਇਹ ਰੂਹ ਫੂਕਣ ਕਿ ਰੱਬ ਸਾਥੋਂ ਕੀ ਚਾਹੁੰਦਾ ਹੈ ਅਤੇ ਮਨੁੱਖੀ ਜੀਵਨ ਦਾ ਉਦੇਸ਼ ਕੀ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਸਾਰਿਆਂ ਨੇਕ ਲੋਕਾਂ ਤੇ ਜਮਾਤ ਵਿੱਚ ਦਾਖ਼ਲ ਹੋਣ ਵਾਲਿਆਂ ਤੇ ਇਸ ਨਿਮਾਣੇ ਉਪੱਰ ਪ੍ਰਕਟ ਹੋਵੇ ਕਿ ਬੈਅਤ ਕਰਨ ਦਾ ਇਹ ਉਦੇਸ਼ ਹੈ ਕਿ ਦੁਨੀਆ ਦਾ ਪ੍ਰੇਮ ਠੰਡਾ ਹੋਵੇ ਅਤੇ ਆਪਣੇ ਮੌਲਾ (ਰੱਬ) ਅਤੇ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਦਾ ਪ੍ਰੇਮ ਦਿਲਾਂ ਉਪੱਰ ਗ਼ਾਲਬ ਆ ਜਾਏ ਅਤੇ ਅਜਿਹਾ ਅਕਟ ਸੰਬੰਧ ਪੈਦਾ ਹੋ ਜਾਏ ਜਿਸ ਤੋਂ ਅੰਤਮ ਜਾਤਰਾ ਮਕਰੂਹ ਮਲੂਮ ਨ ਹੋਵੇ । ਸੋ, ਜੱਦ ਤੱਕ ਰੱਬ ਅਤੇ ਉਸਦੇ ਰਸੂਲ ਨਾਲ ਕਾਮਲ ਪ੍ਰੇਮ ਨ ਹੋਵੇ, ਨ ਹੀ ਦੁਨੀਆ ਦੇ ਪ੍ਰੇਮ ਵਿੱਚ ਕਮੀ ਆ ਸਕਦੀ ਹੈ ਨ ਹੀ ਮਨੁੱਖ ਨੂੰ ਮਰਨ ਸਮੇਂ ਦਿਲੀ ਸੁਕੂਨ ਮਿਲ ਸਕਦਾ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਇਕ ਜਲਸੇ ਦੇ ਮੌਕੇ ਅਰੰਭ ਵਿੱਚ ਜੱਦ ਜਲਸਿਆਂ ਦਾ ਅਰੰਭ ਹੋਇਆ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਪਤਾ ਲੱਗਿਆ ਕਿ ਜਲਸੇ ਦੇ ਉਦੇਸ਼ਿਆਂ ਨੂੰ ਲੋਕ ਪੂਰਾ ਨਹੀਂ ਕਰ ਰਹੇ ਤਾਂ ਆਪ ਨੇ ਬਹੁਤ ਸਖ਼ਤ ਨਰਾਜ਼ਗੀ ਦਾ ਪ੍ਰਕਟਨ ਕੀਤਾ ਅਤੇ ਪ੍ਰਗਟਾਵਾ ਕਰਦਿਆਂ ਹੋਇਆਂ ਫ਼ਰਮਾਇਆ ਕਿ ਇਸ ਸਾਲ ਮੈਂ ਜਲਸੇ ਦਾ ਆਯੋਜਨ ਨਹੀਂ ਕਰਾਂਗਾ ਅਤੇ ਇਸ ਸਾਲ ਜਲਸਾ ਆਯੋਜਤ ਨਹੀਂ ਹੋਇਆ ।

ਸੋ, ਜੇਕਰ ਅਜਿਹੇ ਲੋਕ ਜੋ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਸਮੇਂ ਵਿੱਚ ਆਪਣੀਆਂ ਕੁਝ ਕਮਜ਼ੋਰੀਆਂ ਕਰਕੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਨਰਾਜ਼ਗੀ ਦਾ ਸਬਬ ਬਣੇ ਤਾਂ ਅੱਜਕੱਲ ਤਾਂ ਰੱਬ ਬਿਹਤਰ ਜਾਣਦਾ ਹੈ ਕਿ ਸੰਖਿਆ ਦੇ ਪੱਖੋਂ ਕਿੰਨ੍ਹੇ ਹਨ ਜੋ ਇਸ ਕੈਟਗਰੀ ਵਿੱਚ ਆਉਂਦੇ ਹਨ ਜਿੰਨ੍ਹਾ'ਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਨਰਾਜ਼ਗੀ ਦਾ ਪ੍ਰਕਟਨ ਕੀਤਾ । ਸੋ, ਇਸ ਪੱਖੋਂ ਹਰ ਇਕ ਨੂੰ ਆਪਣਾ ਜਾਇਜ਼ਾ ਲੈਂਣਾ ਚਾਹੀਦਾ ਹੈ ਕਿ ਜੇਕਰ ਉਹ ਮਿਆਰ ਨਹੀਂ ਜੋ ਹਜ਼ਰਤ ਮਸੀਹ ਮੌਊਦ ਲੈਹਿ ਸਲਾਮ ਚਾਹੁੰਦੇ ਹਨ ਤਾਂ ਫਿਰ ਜਲਸੇ ਵਿੱਚ ਸ਼ਾਮਲ ਹੋਣ ਦੇ ਅਸੀਂ ਹੱਕਦਾਰ ਵੀ ਨਹੀਂ । ਇਸ ਗੱਲ ਨਾਲ ਹਰ ਨੇਕ ਅਹਮਦੀ ਦੇ ਦਿਲ ਵਿੱਚ ਇਕ ਚਿੰਤਾ ਪੈਦਾ ਹੋਣੀ ਚਾਹੀਦੀ ਹੈ । ਹੁਣ ਤਾਂ ਹਰ ਸਾਲ ਦੁਨੀਆ ਦੇ ਵੱਖ ਵੱਖ ਦੇਸ਼ਾਂ ਦੇ ਜਲਸੇ ਹੁੰਦੇ ਹਨ ਕਈਆਂ ਵਿੱਚ ਮੈਂ ਸ਼ਾਮਲ ਹੁੰਦਾ ਹਾਂ, ਕਈਆਂ ਵਿੱਚ ਐਮ.ਟੀ.ਏ. ਰਾਹੀਂ ਸ਼ਿਰਕਤ ਹੋ ਜਾਂਦੀ ਹੈ । ਯੁਰੋਪ ਦੇ ਕੁਝ ਜਲਸਿਆਂ ਵਿੱਚ ਆਪ ਵਿੱਚੋਂ ਬਹੁਤ ਸਾਰੇ ਸ਼ਾਮਲ ਹੁੰਦੇ ਹਨ ਇਸ ਸਮੇਂ ਵੀ ਮੇਰੇ ਸਾਹਮਣੇ ਬੈਠੇ ਹੋਏ ਹਨ ਜੋ ਕਈ ਜਲਸਿਆਂ ਵਿੱਚ ਸ਼ਾਮਲ ਹੋਏ । ਸੋ, ਇਕ ਸਾਲ ਵਿੱਚ ਇਕ ਤੋਂ ਵੱਧ ਜਲਸਿਆਂ ਵਿੱਚ ਸ਼ਾਮਲ ਹੋਣ ਕਰਕੇ ਇਕ ਇਨਕਲਾਬ ਸਾਡੀ ਹਾਲਤ ਵਿੱਚ ਆ ਜਾਣਾ ਚਾਹੀਦਾ ਹੈ । ਕਿੱਥੇ ਤਾਂ ਉਹ ਸਮਾਂ ਸੀ ਜੱਦ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾ ਰਹੇ ਹਨ ਕਿ ਜਲਸੇ ਵਿੱਚ ਸ਼ਾਮਲ ਹੋਣ ਸਾਲ ਵਿੱਚ ਇਕ ਵਾਰ ਤਾਂ ਜੋ ਤੁਹਾਡੇ ਅੰਦਰ ਅਜਿਹੀ ਪਾਕ ਤਬਦੀਲੀ ਹੋਵੇ ਅਤੇ ਆਖਰਤ ਦਾ ਸਫ਼ਰ (ਪਰਲੈ ਲਈ ਜਾਤਰਾ) ਮਕਰੂਹ ਮਲੂਮ ਨ ਹੋਵੇ ਅਤੇ ਕਿੱਥੇ ਹੁਣ ਇਹ ਹਾਲਤ ਹੈ ਕਿ ਕਈ ਲੋਕ ਇਕ ਸਾਲ ਵਿੱਚ ਇਕ ਤੋਂ ਵੱਧ ਜਲਸਿਆਂ ਵਿੱਚ ਸ਼ਾਮਲ ਹੁੰਦੇ ਹਨ । ਸੋ, ਜਾਇਜ਼ਾ ਲੈਂਣ ਕਿ ਅਜਿਹੇ ਹਾਲਾਤਾਂ ਵਿੱਚ ਕਿਹੋ ਜਿਹਾ ਇਨਕਲਾਬ ਆ ਜਾਣਾ ਚਾਹੀਦਾ ਹੈ ਬੇਸ਼ਕ ਹਜ਼ਰਤ ਮਸੀਹ

ਮੌਊਦ ਅਲੈਹਿ ਸਲਾਮ ਨਾਲ ਮੁਲਾਕਾਤ ਦੀ ਇਕ ਮੁਲਾਕਾਤ ਹੀ ਕਈ ਜਲਸਿਆਂ'ਤੇ ਭਾਰੀ ਸੀ ਅਤੇ ਇਕ ਇਨਕਲਾਬ ਆ ਜਾਂਦਾ ਸੀ ਆਪ ਨਾਲ ਮਿਲਕੇ । ਪਰ ਹੁਣ ਨਿਰੰਤਰ ਕਈ ਜਲਸਿਆਂ ਨੂੰ ਦੇਖਣਾ ਅਤੇ ਸ਼ਾਮਲ ਹੋਣਾ ਕੁਝ ਤਾਂ ਪਵਿੱਤਰ ਤਬਦੀਲੀ ਪੈਦਾ ਕਰਨ ਦਾ ਸਬਬ ਹੋਣਾ ਚਾਹੀਦਾ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਮੈਂ ਐਮ.ਟੀ.ਏ. ਸੁਣਨ ਵੱਲ ਵੀ ਧਿਆਨ ਦੁਆਉਂਦਾ ਹਾਂ । ਪਾਕਿਸਤਾਨ ਵਿੱਚ ਜਲਸਿਆਂ ਉਪੱਰ ਪਬੰਦੀ ਹੈ ਉੱਥੇ ਦੇ ਲੋਕ ਇਸ ਪੱਖੋਂ ਮਹਿਰੂਮੀ ਦੇ ਸ਼ਿਕਾਰ ਹਨ ਤਾਂ ਐਮ.ਟੀ.ਏ. ਉਪੱਰ ਘੱਟੋ ਘੱਟ ਬਕਾਇਦਗੀ ਨਾਲ ਮੇਰੇ ਖ਼ੁਤਬੇ ਹੀ ਸੁਣਿਆ ਕਰਨ ਦੇਖਿਆ ਕਰਨ ਅਤੇ ਫਿਰ ਇਸ ਉਪੱਰ ਅਮਲ ਕਰਨ ਦਾ ਜਤਨ ਕਰਨ । ਜਲਸੇ ਦੇ ਪ੍ਰੋਗਰਾਮ ਐਮ.ਟੀ.ਏ. ਉਪੱਰ ਦੇਖਕੇ ਅਤੇ ਸੁਣਕੇ ਲਾਭ ਉਠਾਉਣ ਦਾ ਜਤਨ ਕਰਨ ਤਾਂ ਸੱਠ ਸਤੱਰ ਪ੍ਰਤੀਸ਼ਤ ਪ੍ਰੇਮ ਦੀ ਤ੍ਰਿਸ਼ਨਾ ਦੂਰ ਹੋ ਸਕਦੀ ਹੈ ਅਤੇ ਜੇਕਰ ਚਾਹੁਣ ਤਾਂ ਪਵਿੱਤਰ ਤਬਦੀਲੀ ਤਾਂ ਫਿਰ ਸੌ ਪ੍ਰਤੀਸ਼ਤ ਪੈਦਾ ਹੋ ਸਕਦੀ ਹੈ । ਪਰ ਆਪ ਲੋਕ ਜੋ ਹੁਣ ਯੂਰੋਪ ਵਿੱਚ ਆ ਗਏ ਹਨ ਆਪ ਨੂੰ ਮੈਂ ਕਹਿੰਦਾ ਹਾਂ ਕਿ ਆਪ ਤਾਂ ਜਲਸਿਆਂ ਵਿੱਚ ਸ਼ਾਮਲ ਹੋ ਰਹੇ ਹਨ ਅਤੇ ਕਈ ਇਕ ਸਾਲ ਵਿੱਚ ਇਕ ਤੋਂ ਵੱਧ ਵਾਰੀ ਜਲਸਿਆਂ ਵਿੱਚ ਸ਼ਾਮਲ ਹੋ ਰਹੇ ਹਨ । ਇੱਥੇ ਆਉਣ ਵਾਲੇ ਅਹਮਦੀਆਂ ਨੂੰ ਤਾਂ ਜਿਵੇਂ ਕਿ ਮੈਂ ਕਿਹਾ ਇਕ ਇਨਕਲਾਬ ਆਪਣੇ ਹਾਲਾਤਾਂ ਵਿੱਚ ਪੈਦਾ ਕਰ ਲੈਂਣਾ ਚਾਹੀਦਾ ਹੈ ਇਹ ਟ੍ਰੇਨਿੰਗ ਕੈਂਪ ਜੋ ਅਲੱਾਹ ਤਆਲਾ ਨੇ ਪ੍ਰਦਾਨ ਕੀਤੇ ਹਨ ਇਸ ਵਿੱਚ ਆਉਣ ਦਾ ਲਾਭ ਤਾਂ ਫਿਰ ਹੀ ਹੈ ਜੱਦ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀਆਂ ਇਛੱਾਵਾਂ ਅਨੁਸਾਰ ਦੁਨੀਆ ਨੂੰ ਆਪਣਾ ਸੇਵਕ ਬਣਾਕੇ ਇਕ ਪਵਿਤੱਰ ਤਬਦੀਲੀ ਪੈਦਾ ਕਰਨ ਵਾਲੇ ਬਣੀਏ ਇੱਥੇ ਆਣਕੇ ਜਲਸੇ ਦੀ ਕਾਰਵਾਈ ਨੂੰ ਗ਼ੌਰ ਨਾਲ ਸੁਣੀਏ ਅਤੇ ਇਸ ਨੀਯਤ ਨਾਲ ਸੁਣੀਏ ਕਿ ਅਸੀਂ ਇਹਨਾਂ ਗਲੱਾਂ'ਤੇ ਅਮਲ ਕਰਨਾ ਹੈ ਤਾਂ ਜੋ ਆਪਣੇ ਅੰਦਰ ਨੇਕ ਤਬਦੀਲੀਆਂ ਪੈਦਾ ਕਰ ਸਕੀਏ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਮੁਸਲਮਾਨਾਂ ਦਾ ਅੱਜਕੱਲ ਜੋ ਅਪਮਾਨ ਤੇ ਪਤਨ ਦੀ ਅਵਸਥਾ ਹੈ ਉਹ ਇਸ ਲਈ ਹੈ ਕਿ ਵੱਡੇ ਵੱਡੇ ਭਾਸ਼ਣਕਾਰਾਂ ਤੇ ਭਾਸ਼ਣ ਤਾਂ ਸੁਣ ਲੈਂਦੇ ਹਨ ਪਰ ਅਮਲ ਨਹੀਂ ਕਰਦੇ । ਅਮਲ ਬਿਲਕੁਲ ਨ ਹੋਣ ਦੇ ਬਰਾਬਰ ਹੈ ਸਗੋਂ ਹੈ ਹੀ ਨਹੀਂ ਅਤੇ ਜਿਸ ਕੌਮ ਵਿੱਚ ਅਮਲ ਨ ਹੋਵੇ ਉਹ ਕਦੇ ਵੀ ਤਰੱਕੀ ਨਹੀਂ ਕਰ ਸਕਦੀ । ਦੁਨੀਆ ਵਿੱਚ ਅੱਜ ਮੁਸਲਮਾਨਾਂ ਦੀ ਜੋ ਹਾਲਤ ਹੈ ਇਸ ਗੱਲ ਦਾ ਮੂੰਹ ਬੋਲਦਾ ਪ੍ਰਮਾਣ ਹੈ ਕਿ ਕੇਵਲ ਗਲੱਾਂ ਹਨ ਅਮਲ ਨਹੀਂ, ਜੇਕਰ ਅਮਲ ਹੁੰਦਾ ਤਾਂ ਇਹ ਹਾਲਤ ਨ ਹੁੰਦੀ । ਸੋ, ਜੱਦ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਅਸੀਂ ਮੰਨਿਆ ਹੈ ਤਾਂ ਇਸ ਲਈ ਕਿ ਉਹ ਕਮਜ਼ੋਰੀਆਂ ਜੋ ਮੁਸਲਮਾਨਾ ਵਿੱਚ ਪੈਦਾ ਹੋ ਗਈਆਂ ਹਨ ਉਹਨਾਂ ਨੂੰ ਦੂਰ ਕੀਤਾ ਜਾਵੇ ਵਰਨਾ ਲਾਭਹੀਨ ਹੈ । ਸੋ, ਏਥੇ ਆਉਣ ਦੇ ਅਸਲ ਉਦੇਸ਼ ਨੂੰ ਆਪਣੇ ਸਾਹਮਣੇ ਰੱਖੋ । ਜਲਸਾ ਜੋ ਜਲਸਾ ਸੁਣਨਾ ਅਤੇ ਉਹਨਾਂ ਗਲੱਾਂ'ਤੇ ਅਮਲ ਕਰਨਾ ਹੈ ਉਹਨਾਂ ਨੂੰ ਏਥੇ ਸੁਣਨ । ਅਲੱਾਹ ਤਆਲਾ ਹਰ ਇਕ ਨੂੰ ਇਹ ਮੰਤਵ ਹਾਸਲ ਕਰਨ ਦੀ ਤੌਫ਼ੀਕ ਪ੍ਰਦਾਨ ਕਰੇ ।

ਜਲਸੇ ਦੇ ਪੱਖੋਂ ਪ੍ਰੰਬੰਧਕੀ ਗਲੱਾਂ ਵੀ ਕਰਨੀਆਂ ਚਾਹੁੰਦਾ ਹਾਂ । ਸਭ ਤੋਂ ਪਹਿਲਾਂ ਤਾਂ ਇਹ ਥਾਂ ਜੋ ਜਲਸੇ ਵਾਸਤੇ ਲਈ ਗਈ ਹੈ ਇਸ ਦੇ ਵਾਤਾਵਰਣ ਵਿੱਚ ਖ਼ਿਆਲ ਰਖੱਣ ਕਿ ਪ੍ਰਬੰਧਕਾ ਨੂੰ ਕੋਈ ਕਸ਼ਟ ਨ ਹੋਵੇ, ਨ ਬਾਹਰੀ ਨਿਕਲਦਿਆਂ ਹੋਇਆਂ, ਨ ਸੜਕਾਂ ਉਪੱਰ, ਨ ਗਵਾਂਢੀਆਂ ਨੂੰ ਕਸ਼ਟ ਹੋਵੇ । ਇਸ ਗੱਲ ਨੂੰ ਹਰ ਅਵਸਥਾ ਵਿੱਚ ਧਿਆਨ ਵਿੱਚ ਰਖੱਣਾ ਹੈ, ਗ਼ੈਰ ਮੁਸਲਮਾਨਾਂ ਨੂੰ ਫਿਰ ਹੀ ਇਸਲਾਮ ਦਾ ਸਹੀ ਪਤਾ ਲੱਗੇਗਾ ਜੱਦ ਉਹਨਾਂ'ਤੇ ਇਹ ਪ੍ਰਕਟ ਹੋਵੇਗਾ ਕਿ ਅਹਮਦੀ ਗਵਾਂਢੀਆਂ ਦਾ ਵੀ ਖ਼ਿਆਲ ਰਖੱਣ ਵਾਲੇ ਹਨ ਅਤੇ ਕਾਨੂਨ ਦੀ ਪਾਬੰਦੀ ਕਰਨ ਵਾਲੇ ਵੀ ਹਨ ਅਤੇ ਭਾਵੇਂ ਐਨ੍ਹੀ ਭਾਰੀ ਗਿਣਤੀ ਦੇ ਹੁੰਦਿਆਂ ਹੋਇਆਂ ਵੀ ਕਿਸੇ ਪ੍ਰਕਾਰ ਦੀ ਕੋਈ ਪ੍ਰੇਸ਼ਾਨੀ ਦਾ

ਸਬਬ ਨਹੀਂ ਬਣ ਰਹੇ । ਫਿਰ ਜਲਸੇ ਦੇ ਦਿਨਾਂ ਵਿੱਚ ਜੋ ਅਸਲ ਉਦੇਸ਼ ਹੈ ਦੁਆਵਾਂ ਦਾ ਓਸ ਨੂੰ ਵੀ ਸਾਹਮਣੇ ਰਖੱਣ, ਦੁਰੂਦ ਪੜ੍ਹਦੇ ਰਹਿਣ, ਜ਼ਿਕਰੇ ਇਲਾਹੀ (ਰੱਬ ਦਾ ਸਿਮਰਣ) ਆਪਣੇ ਮੂੰਹਾਂ ਵਿੱਚ ਕਰਦੇ ਰਹਿਣ । ਜਲਸੇ ਦੇ ਭਾਸ਼ਣਾ ਨੂੰ ਮੈਂ ਪਹਿਲਾਂ ਵਰਨਣ ਕਰ ਚੁਕਿਆ ਹਾਂ ਕਿ ਧਿਆਨ ਨਾਲ ਸੁਣਨ ਅਤੇ ਇਸ ਲਈ ਇਹ ਬਕਾਇਦਾ ਪ੍ਰਬੰਧ ਰਖੱਣ ਕਿ ਜਲਸੇ ਦੇ ਸਮੇਂ ਵਿੱਚ ਹਰ ਪ੍ਰੋਗਰਾਮ ਵਿੱਚ ਸ਼ਾਮਲ ਹੋਣਾ ਹੈ ਅਤੇ ਭਾਸ਼ਣ ਸੁਣਨੇ ਹਨ । ਇਸੇ ਪ੍ਰਕਾਰ ਫਿਰ ਆਪ ਨੇ ਆਪਣੇ ਬੱਚਿਆਂ ਦੀ ਅਤੇ ਅਗਲੀ ਨਸਲ ਦੀ ਸੀਖ ਸਿੱਖਿਆ ਕਰ ਸਕਦੇ ਹਨ, ਇਹਨਾਂ ਵਿੱਚ ਇਹ ਅਹਿਸਾਸ ਪੈਦਾ ਕਰ ਸਕਦੇ ਹਨ ਕਿ ਜਲਸੇ ਦੀ ਕੀ ਮਹਤੱਾ ਹੈ । ਆਪਸ ਵਿੱਚ ਵੀ ਜਲਸਿਆ ਵਿੱਚ ਅਰੂਚੀਆਂ ਪੈਦਾ ਹੋ ਜਾਂਦੀਆਂ ਹਨ ਕੁਝ ਪੁਰਾਣੀਆਂ ਰੰਜਸ਼ਾਂ ਲੋਕਾਂ ਵਿੱਚ ਚਲ ਰਹੀਆਂ ਹੁੰਦੀਆਂ ਹਨ ਜੱਦ ਇਕੱਠੇ ਹੁੰਦੇ ਹਨ ਤਾਂ ਉਹ ਫਿਰ ਉਭਰਕੇ ਸਾਹਮਣੇ ਆ ਜਾਂਦੀਆਂ ਹਨ ਇਸ ਲਈ ਵਾਤਾਵਰਣ ਨੂੰ ਇਸ ਪੱਖੋਂ ਬਿਲਕੁਲ ਪਾਕ ਤੇ ਸਾਫ਼ ਰਖੱਣ । ਕੋਈ ਅਜਿਹੀ ਗੱਲ ਨ ਹੋਵੇ ਜੋ ਕਿਸੇ ਵੀ ਪ੍ਰਕਾਰ ਇਕ ਦੂਜੇ ਲਈ ਦਿਲ ਦੁਖਾਉਣ ਦਾ ਸਬਬ ਹੋਵੇ ਅਤੇ ਫਿਰ ਲੋਕਾਂ ਨੂੰ ਵੀ ਗ਼ਲਤ ਪ੍ਰਭਾਵ ਇਸ ਦੇ ਸਬਬ ਨਾਲ ਹੋਵੇ । ਬਹਿਰਹਾਲ ਅਲੱਾਹ ਤਆਲਾ ਹਰ ਪੱਖੋਂ ਜਲਸੇ ਨੂੰ ਬਰਕਤਾਂ ਭਰਪੂਰ ਬਣਾਏ । ਸਾਰੇ ਲੋਕ ਇਹਨਾਂ ਜਲਸੇ ਦੇ ਦਿਨਾਂ ਵਿੱਚ ਦੁਆਵਾਂ ਵੀ ਕਰਦੇ ਰਹਿਣ ਨਮਾਜ਼ਾਂ ਵੱਲ ਵੀ ਧਿਆਨ ਰਖੱਣ ਅਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀਆਂ ਦੁਆਵਾਂ ਦਾ ਵੀ ਅਲੱਾਹ ਤਆਲਾ ਤੁਹਾਨੂੰ ਵਾਰਸ ਬਣਾਏ ।

**Khulasa Khutba Jumma 14.09.2018**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131